ਰਾਜਸੀ ਸਿੱਖਿਆ

# ਸਿਆਸੀ ਸ਼ਬਦਾਵਲੀ

**(ਅ)**

**ਆਰਥਕਤਾ**: ਪੈਦਾਵਾਰੀ ਸਬੰਧਾਂ ਦਾ ਇਤਿਹਾਸਕ ਤੌਰ ਉੱਤੇ ਹੋਂਦ ਵਿੱਚ ਆਇਆ ਕੁੱਲ ਜੋੜ ਜੋ ਸਮਾਜ ਦੀ ਆਰਥਕ ਪ੍ਰਣਾਲ਼ੀ ਦੀ ਵਿਸ਼ੇਸ਼ਤਾ ਹੁੰਦਾ ਹੈ ਜਿਵੇਂ ਕਿ ਸਰਮਾਏਦਾਰੀ ਦੀ ਆਰਥਕਤਾ, ਸਮਾਜਵਾਦ ਦੀ ਆਰਥਕਤਾ।

**ਅਰਾਮ ਅਤੇ ਵਿਹਲ ਦਾ ਅਧਿਕਾਰ**: ਇਸਦੀ ਜਾਮਨੀ ਸਮਾਜਵਾਦੀ ਰਾਜ ਵੱਲੋਂ ਕੀਤੀ ਜਾਂਦੀ ਹੈ ਅਤੇ ਇਸਦੀ ਪ੍ਰਾਪਤੀ ਕੰਮ ਦੇ ਘੰਟੇ ਸੀਮਤ ਕਰਕੇ (ਸੋਵੀਅਤ ਯੂਨੀਅਨ ਵੱਚ ਕੰਮ ਦਾ ਹਫਤਾ 41 ਘੰਟੇ ਤੋਂ ਨਹੀਂ ਵਧਦਾ ਸੀ) ਤਨਖਾਹਾਂ ਸਮੇਤ ਸਲਾਨਾ ਛੁੱਟੀਆਂ ਦੇ ਕੇ ਅਤੇ ਵਿਹਲੇ ਸਮੇਂ ਦੀ ਸੁਝਭਰੀ ਵਰਤੋਂ ਵਾਸਤੇ ਸਿਹਤ ਸਥਾਨਾਂ, ਛੁੱਟੀ ਘਰਾਂ, ਸੈਲਾਨੀ ਕੇਂਦਰਾਂ, ਮਨਪਰਚਾਵਾ ਕੇਂਦਰਾਂ ਅਤੇ ਹੋਰ ਸਹੂਲਤਾਂ ਦਾ ਵਿਸ਼ਾਲ ਤਾਣਾਬਾਣਾ ਕਿਰਤੀ ਲੋਕਾਂ ਦੀ ਸੇਵਾ ਵਿੱਚ ਜੁਟਾ ਕੇ ਕੀਤੀ ਜਾਂਦੀ ਹੈ।

**ਐਕਸਚੇਂਜ**: ਮੰਡੀ ਜਿਸ ਵਿੱਚ, ਵਪਾਰ ਸਕਿਉਰਟੀਆਂ ਵਿੱਚ (ਸਟਾਕ ਐਕਸਚੇਂਜ) ਜਾਂ ਜਿਣਸਾਂ ਦੀਆਂ ਵੱਡੀਆਂ ਮਾਤਰਾਵਾਂ ਵਿੱਚ (ਕਮਾਡਿਟੀ ਐਕਸਚੇਂਜ) ਕੀਤਾ ਜਾਂਦਾ ਹੈ।

**ਐੱਫ.ਬੀ.ਆਈ. (ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ)**: ਅਮਰੀਕਾ ਵਿੱਚ ਸਿਆਸੀ ਅਤੇ ਜੁਰਮਾਂ ਸਬੰਧੀ ਪੜਤਾਲ ਕਰਨ ਵਾਲ਼ੀ ਇੱਕ ਸੰਸਥਾ। ਐਫ.ਬੀ.ਆਈ. ਨਾਗਰਿਕ ਅਧਿਕਾਰਾਂ ਦੇ ਸੰਗਰਾਮੀਆਂ ਅਤੇ ਹੋਰ ਅਗਾਂਹਵਧੂ ਲੋਕਾਂ ਵਿਰੁੱਧ ਸਰਗਰਮ ਜੱਦੋਜਹਿਦ ਕਰਦੀ ਹੈ।

**ਅੰਦੋਲਨ**: ਭਾਸ਼ਣਾਂ ਵਿੱਚ, ਇਕੱਤਰਤਾਵਾਂ ਵਿਖੇ ਅਤੇ ਜਨ-ਸੂਚਨਾ ਦੇ ਸਾਧਨਾਂ ਰਾਹੀਂ ਵਿਚਾਰਾਂ, ਨਾਅਰਿਆਂ, ਅਪੀਲਾਂ ਅਤੇ ਸੂਚਨਾ ਦਾ ਪ੍ਰਚਾਰ ਕਰਕੇ ਲੋਕ ਰਾਇ ਨੂੰ ਪ੍ਰਭਾਵਿਤ ਕਰਨ ਦੇ ਮੰਤਵ ਵਾਲ਼ੀ ਸਿਆਸੀ ਸਰਗਰਮੀ। ਅੰਦੋਲਨ ਸਮਾਜਕ ਜਮਾਤਾਂ ਅਤੇ ਸਿਆਸੀ ਪਾਰਟੀਆਂ ਵਿਚਕਾਰ ਸਿਆਸੀ ਅਤੇ ਵਿਚਾਰਧਾਰਕ ਸੰਗਰਾਮ ਦਾ ਇੱਕ ਰੂਪ ਹੁੰਦਾ ਹੈ।

**ਆਰਥਕ ਜੁੰਡੀ—** ਲੋਕਾਂ ਦੀ ਇੱਕ ਛੋਟੀ ਜਿਹੀ ਟੋਲੀ ਜੀਹਦੇ ਹੱਥਾਂ ਵਿੱਚ ਬਹੁਤ ਸਾਰੀ ਆਰਥਕ ਸੱਤਾ ਇਕਾਗਰ ਹੁੰਦੀ ਹੈ। ਆਰਥਕ ਜੁੰਡੀਆਂ ਦਾ, ਉਦਾਹਰਨ ਵਜੋਂ, ਕਈ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਬੋਲਬਾਲਾ ਹੈ ਜਿਨ੍ਹਾਂ ਵਿੱਚ ਬਹੁਕੌਮੀ ਕਾਰਪੋਰੇਸ਼ਨਾਂ ਨਾਲ਼ ਜੁੜੇ ਹੋਏ ਵੱਡੇ ਜ਼ਮੀਨ-ਮਾਲਕ ਅਤੇ ਵਪਾਰੀ ਹਕੂਮਤ ਕਰਦੇ ਹਨ। ਇੱਕ ਵਿਸ਼ੇਸ਼ ਲੱਛਣੀ ਉਦਾਹਰਣ ਨਿਕਾਰਾਗੂਆ ਸੀ ਜਿੱਥੇ ਪਰਿਵਾਰਕ ਸਬੰਧਾਂ ਨਾਲ਼ ਜੁੜੇ ਹੋਏ ਸੱਤ ਗਰੁਪਾਂ ਦਾ ਬਣਿਆ ਹੋਇਆ ਸੋਮੋਜ਼ਾ ਦਾ ਕੋੜਮਾ ਕੌਮੀ ਆਰਥਿਕਤਾ ਦੇ 90 ਫੀਸਦੀ ਤੋਂ ਵੱਧ ਹਿੱਸੇ ਉੱਤੇ ਸਿੱਧਾ ਜਾਂ ਅਸਿੱਧਾ ਕੰਟਰੋਲ ਰੱਖਦਾ ਸੀ ਅਤੇ ਅੱਧੀ ਵਾਹੀਯੋਗ ਜ਼ਮੀਨ ਦਾ ਮਾਲਕ ਸੀ। ਸਾਮਰਾਜਵਾਦ ਅਧੀਨ ਆਰਥਕ ਜੁੰਡੀ ਦੀ ਇੱਕ ਵਿਸ਼ੇਸ਼ ਵੰਨਗੀ, ਵਿੱਤੀ ਆਰਥਕ ਜੁੰਡੀ, ਸੱਨਅਤੀ ਅਤੇ ਬੈਂਕੀ ਸਰਮਾਏ ਦੀ ਇੱਕਮਿੱਕਤਾ ਦੇ ਨਤੀਜੇ ਵਜੋਂ ਹੋਂਦ ਵਿੱਚ ਆ ਜਾਂਦੀ ਹੈ।

**(ੲ)**

**ਇਜਾਰੇਦਾਰੀ**: (1) ਕਿਸੇ ਚੀਜ਼ ਉੱਤੇ (ਉਦਾਹਰਨ ਵਜੋਂ, ਕਿਸੇ ਵਿਸ਼ੇਸ਼ ਵਸਤ ਨੂੰ ਬਣਾਏ ਜਾਣ ਜਾਂ ਉਹਦਾ ਵਪਾਰ ਕੀਤੇ ਜਾਣ ਉੱਤੇ) ਮੁਕੰਮਲ ਹੱਕ; (2) ਸਰਮਾਏਦਾਰਾ ਇਜਾਰੇਦਾਰੀ, ਸਰਮਾਏਦਾਰਾਂ ਦੀ ਇੱਕ ਵੱਡੀ ਸੰਸਥਾ ਜੋ ਘਰੇਲੂ ਜਾਂ ਸੰਸਾਰ ਸਰਮਾਏਦਾਰਾ ਮੰਡੀਆਂ ਅੰਦਰ ਕਿਸੇ ਵਿਸ਼ੇਸ਼ ਵਸਤੂ ਦੀ ਪੈਦਾਵਾਰ ਜਾਂ ਵਿੱਕਰੀ ਦਾ ਸਾਰਾ ਜਾਂ ਵੱਡਾ ਹਿੱਸਾ ਆਪਣੇ ਹੱਥਾਂ ਵਿੱਚ ਇਕਾਗਰ ਕਰ ਲੈਂਦੀ ਹੈ। ਵੱਧ ਤੋਂ ਵੱਧ ਨਫੇ ਦੀ ਭਾਲ ਵਿੱਚ ਇਜਾਰੇਦਾਰੀ ਕਿਰਤੀ ਲੋਕਾਂ ਦੀ ਲੁੱਟਚੋਂਘ ਵਧਾਉਂਦੀ ਹੈ, ਪੱਛੜੇ ਦੇਸ਼ਾਂ ਵੱਲ ਹਮਲਾਵਰ ਨੀਤੀ ਉੱਤੇ ਚਲਦੀ ਹੈ ਅਤੇ ਜਿੱਤ ਦੀਆਂ ਜੰਗਾਂ ਵਿਉਂਤਦੀ ਤੇ ਛੇੜਦੀ ਹੈ ਅਤੇ ਹਥਿਆਰਾਂ ਦੀ ਦੌੜ ਵਿੱਚ ਜੁੱਟਦੀ ਹੈ।

**ਇਤਿਹਾਸਕ ਪਦਾਰਥਵਾਦ**: ਉਹ ਵਿਗਿਆਨ ਜੋ ਸਮਾਜਕ ਵਿਕਾਸ ਦੇ ਆਮ ਨੇਮਾਂ ਦਾ ਅਧਿਐਨ ਕਰਦਾ ਹੈ। ਇਤਿਹਾਸਕ ਪਦਾਰਥਵਾਦ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ ਨੇ ਵਿਕਸਤ ਕੀਤਾ ਸੀ ਅਤੇ ਵਲਾਦੀਮੀਰ ਲੈਨਿਨ, ਜੋਸਫ਼ ਸਤਾਲਿਨ ਅਤੇ ਮਾਓ ਜ਼ੇ-ਤੁੰਗ ਨੇ ਇਹਦਾ ਹੋਰ ਵਿਕਾਸ ਕੀਤਾ ਸੀ। ਇਸਦੇ ਮੋਢੀਆਂ ਨੇ ਵਿਗਿਆਨਕ ਢੰਗ ਨਾਲ ਸਿੱਧ ਕੀਤਾ ਕਿ ਸਮਾਜ ਦਾ ਵਿਕਾਸ ਨਿਸ਼ਚਤ ਨੇਮਾਂ ਵੱਲੋਂ ਚਲਾਇਆ ਜਾਂਦਾ ਹੈ ਅਤੇ ਕਿਰਤੀ ਲੋਕ ਇਤਿਹਾਸ ਦੇ ਅਸਲ ਸਿਰਜਕ ਹੁੰਦੇ ਹਨ। ਇਹ ਦਰਸਾਉਂਦਾ ਹੈ ਕਿ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸਬੰਧਾਂ ਵਿਚਾਰ ਵਿਰੋਧਤਾਈਆਂ ਜਮਾਤੀ ਸੰਗਰਾਮ ਰਾਹੀਂ (ਜੋ ਵਿਰੋਧੀ ਜਮਾਤਾਂ ਵਿੱਚ ਵੰਡੇ ਹੋਏ ਸਮਾਜ ਦੇ ਵਿਕਾਸ ਦੀ ਚਾਲਕ ਸ਼ਕਤੀ ਹੁੰਦਾ ਹੈ), ਪੁਰਾਣੇ ਪੈਦਾਵਾਰੀ ਸਬੰਧਾਂ ਨੂੰ ਤੋੜੇ ਜਾਣ ਤੇ ਵਿਕਸਤ ਹੋਈਆਂ ਪੈਦਾਵਾਰੀ ਤਾਕਤਾਂ ਦੇ ਅਨੁਰੂਪ ਅਗਾਂਹਵਧੂ ਨਵੇਂ ਪੈਦਾਵਾਰੀ ਸਬੰਧ ਕਾਇਮ ਕੀਤੇ ਜਾਣ ਰਾਹੀਂ ਹੱਲ ਕੀਤੀਆਂ ਜਾਂਦੀਆਂ ਹਨ। ਇਸਨੇ ਸਿੱਧ ਕੀਤਾ ਹੈ ਕਿ ਕਮਿਊਨਿਸਟ ਸਮਾਜ ਦੀ ਉਸਾਰੀ ਸਮਾਜਕ ਵਿਕਾਸ ਦਾ ਮੰਤਕੀ, ਕੁਦਰਤੀ ਅਤੇ ਅਟੱਲ ਸਿੱਟਾ ਹੈ।

**ਇਨਕਲਾਬ**: (1) ਇੱਕ ਬੁਨਿਆਦੀ ਸਮਾਜਕ ਤਬਦੀਲੀ ਜੋ ਵਿਕਸਤ ਹੋਈਆਂ ਪੈਦਾਵਾਰੀ ਤਾਕਤਾਂ ਅਤੇ ਵੇਲ਼ਾ ਵਿਹਾ ਚੁੱਕੇ ਪੈਦਾਵਾਰੀ ਸਬੰਧਾਂ ਵਿਚਕਾਰਲੀ ਵਿਰੋਧਤਾਈ ਨੂੰ ਹੱਲ ਕਰਦੀ ਹੈ, ਸਮਾਜਕ ਪ੍ਰਣਾਲ਼ੀ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੰਦੀ ਹੈ ਅਤੇ ਨਵੀਂ ਵਿਕਸਤ ਸਮਾਜਕ ਜਮਾਤ ਨੂੰ ਸੱਤ੍ਹਾ ਵਿੱਚ ਲੈ ਆਉਂਦੀ ਹੈ; (2) ਇੱਕ ਗੁਣਾਤਮਕ ਹਾਲਤ ਤੋਂ ਦੂਜੀ ਵੱਲ ਤਬਦੀਲੀ, ਕਿਸੇ ਵਿਸ਼ੇਸ਼ ਖੇਤਰ ਵਿੱਚ ਕੋਈ ਬੁਨਿਆਦੀ ਤਬਦੀਲੀ (ਉਦਾਹਰਨ ਵਜੋਂ ਸੱਭਿਆਚਾਰਕ ਇਨਕਲਾਬ ਅਤੇ ਵਿਗਿਆਨਕ ਅਤੇ ਤਕਨਾਲੋਜੀਕਲ ਇਨਕਲਾਬ)।